ਵਿਸ਼ਾ – ਪੰਜਾਬੀ ਜਮਾਤ – ਅੱਠਵੀਂ.

# ਲੋਹੜੀ ( ਲੇਖ ਰਚਨਾ )



ਪੰਜਾਬ ਵਿਚ ਲੋਹੜੀ ਦਾ ਤਿਉਹਾਰ ਬੜੇ ਹੀ ਚਾਵਾਂ ਨਾਲ ਮਨਾਇਆ ਜਾਂਦਾ ਹੈ । ਜ਼ਿੰਦਗੀ ਨੂੰ ਜਿਊਣ, ਰਸਮਾਂ ਰਿਵਾਜਾਂ ਨੂੰ ਨਿਭਾਉਣ ਅਤੇ ਤਿਉਹਾਰਾਂ ਨੂੰ ਮਨਾਉਣ ਵਿਚ ਪੰਜਾਬੀ ਹਮੇਸ਼ਾ ਹੀ ਸਭ ਤੋਂ ਅੱਗੇ ਰਹੇ ਹਨ। ਹਾਲਾਤ ਕਿਹੋ ਜਿਹੇ ਵੀ ਰਹੇ ਹੋਣ, ਪੰਜਾਬੀ ਹਰ ਹਾਲ ਵਿਚ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ । ਗਰਮੀ-ਸਰਦੀ ਦੇ ਮੌਸਮ ਵੀ ਤਿਉਹਾਰ ਮਨਾਉਣ ਸਮੇਂ ਇਨ੍ਹਾਂ ਦੇ ਰਾਹ ਵਿਚ ਨਹੀਂ ਆਉਂਦੇ। ਅਜਿਹਾ ਹੀ ਇਕ ਤਿਉਹਾਰ ਹੈ ਲੋਹੜੀ, ਜੋ ਪੋਹ ਮਹੀਨੇ ਦੇ ਆਖਰੀ ਦਿਨ ਮਨਾਇਆ ਜਾਂਦਾ ਹੈ ।ਇਸ ਤਿਉਹਾਰ ਤੋਂ ਕੁਝ ਦਿਨ ਪਹਿਲਾਂ ਹੀ ਕੁੜੀਆਂ-ਮੁੰਡੇ ਟੋਲੀਆਂ ਬਣਾ ਘਰੋਂ-ਘਰ ਜਾ ਕੇ ਲੋਹੜੀ ਮੰਗਦੇ ਹਨ। ਮੁੰਡਿਆਂ ਵੱਲੋਂ ਲੋਹੜੀ ਮੰਗਦੇ ਸਮੇਂ

ਜ਼ਿਆਦਾਤਰ ਸੁੰਦਰ-ਮੁੰਦਰੀਏ ਦਾ ਗੀਤ ਬੋਲਿਆ ਜਾਂਦਾ ਹੈ। ਇਕ ਮੁੰਡਾ ਗੀਤ ਬੋਲਦਾ ਅਤੇ ਬਾਕੀ ਦੇ ਮੁੰਡੇ ਪਿੱਛੇ ਹੋ-ਹੋ ਦੀ ਆਵਾਜ਼ ਲਗਾਉਂਦੇ ਹਨ

ਸੁੰਦਰ ਮੁੰਦਰੀਏ , ਤੇਰਾ ਕੌਣ ਵਿਚਾਰਾ ? ਹੋ !
ਦੁੱਲਾ ਭੱਟੀ ਵਾਲਾ, ਹੋ ! ਦੁੱਲੇ ਧੀ ਵਿਆਹੀ, ਹੋ !

ਸੇਰ ਸ਼ੱਕਰ ਪਾਈ, ਹੋ ! ਜੀਵੇ ਕੁੜੀ ਦਾ ਚਾਚਾ, ਹੋ !
ਲੰਬੜਦਾਰ ਸਦਾਏ , ਹੋ !ਗਿਣ ਗਿਣ ਪੋਲੇ ਲਾਏ , ਹੋ !
ਇੱਕ ਪੋਲਾ ਰਹਿ ਗਿਆ, ਸਿਪਾਈ ਫੜ ਕੇ ਲੈ ਗਿਆ।



ਕੁੜੀਆਂ ਵੀ ਲੋਹੜੀ ਮੰਗਦੀਆਂ ਹੋਈਆਂ ਫੁੱਲੇ, ਤਿਲ, ਚੌਲ, ਗੁੜ ਦੀ ਰੋੜੀ ਦੀ ਮੰਗ ਕਰਦੀਆਂ ਹਨ। ਉਹ ਲੋਹੜੀ ਮੰਗਦੀਆਂ ਹੋਈਆਂ ਅਸੀਸਾਂ ਦੀ ਝੜੀ ਲਾ ਦਿੰਦੀਆਂ ਹਨ।

ਤੀਲੀ ਹਰੀ ਹੈ ਭਰੀ ਤਲੀ ਮੋਤੀਆਂ ਜੜੀ

ਤੀਲੀ ਉਸ ਵੇਹੜੇ ਜਾ ਜਿੱਥੇ ਗੀਗੇ ਦਾ ਵਿਆਹ

ਗੀਗਾ ਜੰਮਿਆ ਸੀ ਗੁੜ ਵੰਡਿਆ ਸੀ।

ਗੁੜ ਦੀਆਂ ਰੋੜੀਆਂ ਦੋ ਭਰਾਵਾਂ ਦੀ ਜੋੜੀਆਂ ਹੋ

ਤੁਹਾਡੀ ਜੋੜੀ ਦਾ ਵਿਆਹ ਸਾਨੂੰ ਫੁੱਲੜਿਆਂ ਦਾ ਚਾਅ

ਦੇ ਮਾਈ ਲੋਹੜੀ ਤੇਰੀ ਜੀਵੇ ਜੋੜੀ

ਜੇ ਕੋਈ ਲੋਹੜੀ ਦੇਣ ਲੱਗਿਆਂ ਦੇਰ ਕਰ ਦਿੰਦਾ ਤਾਂ ਕੁੜੀਆਂ ਕਹਿਣ ਲੱਗ ਜਾਂਦੀਆਂ :

ਸਾਡੇ ਪੈਰਾਂ ਹੇਠ ਸਲਾਈਆਂ

ਅਸੀਂ ਕਿਹੜੇ ਵੇਲੇ ਦੀਆਂ ਆਈਆਂ

ਸਾਡੇ ਪੈਰਾਂ ਹੇਠ ਰੋੜ ਸਾਨੂੰ ਛੇਤੀ ਛੇਤੀ ਤੋਰ

ਲੋਹੜੀ ਵਾਲੇ ਦਿਨ ਉਨ੍ਹਾਂ ਘਰਾਂ ਵਿਚ ਹੀ ਲੋਹੜੀ ਮੰਗੀ ਜਾਂਦੀ ਹੈ ਜਿਨ੍ਹਾਂ ਦੇ ਘਰ ਮੁੰਡੇ ਦਾ ਨਵਾਂ ਵਿਆਹ ਹੋਇਆ ਹੋਵੇ ਜਾਂ ਫਿਰ ਮੁੰਡਾ ਜੰਮਿਆ ਹੋਵੇ। ਕੁਝ ਸਮਾਜਿਕ ਸੰਸਥਾਵਾਂ ਵੱਲੋਂ ਕੁੜੀਆਂ ਦੀ ਲੋਹੜੀ ਮਨਾਉਣ ਦੀ ਪਹਿਲਕਦਮੀ ਕੀਤੀ ਜਾ ਰਹੀ ਹੈ।

ਲੋਹੜੀ ਵਾਲੇ ਦਿਨ ਬੱਚੇ ਅਤੇ ਨੌਜਵਾਨ ਪਤੰਗਬਾਜ਼ੀ ਕਰਦੇ ਵੇਖੇ ਜਾਂਦੇ ਹਨ। ਲੋਹੜੀ ਤੋਂ ਪਹਿਲਾਂ ਪੇਕੇ ਘਰ ਵੱਲੋਂ ਨਵੀਆਂ ਵਿਆਹੀਆਂ ਕੁੜੀਆਂ ਨੂੰ ਭਾਜੀ ਪਾਈ ਜਾਂਦੀ ਹੈ। ਪੇਕੇ ਪਰਿਵਾਰ ਵਾਲੇ ਭਾਜੀ ਲੈ ਕੇ ਕੁੜੀ ਦੇ ਸਹੁਰੇ ਘਰ ਜਾਂਦੇ ਹਨ ਅਤੇ ਕੁੜੀ ਨੂੰ ਲੋਹੜੀ ਤੇ ਕੁਝ ਦਿਨ ਲਈ ਪੇਕੇ ਘਰ ਲੈ

ਆਉਂਦੇ ਹਨ। ਕੁੜੀਆਂ ਨੂੰ ਦਿੱਤੀ ਜਾਣ ਵਾਲੀ ਭਾਜੀ ਵਿਚ ਸ਼ਾਮਲ ਹੁੰਦੇ ਹਨ ਮੈਦੇ ਅਤੇ ਪੰਜੀਰੀ ਤੋਂ ਬਣੇ ਲੱਡੂ, ਬੂੰਦੀ ਦੇ ਲੱਡੂ , ਪਤਾਸੇ ਜਾਂ ਫਿਰ ਪਿੰਨੀਆਂ। ਬਹੁਤ ਸਾਰੇ ਮਾਪੇ ਆਪਣੀ ਸਮਰੱਥਾ ਦੇ ਅਨੁਸਾਰ ਧੀਆਂ ਨੂੰ ਹਰ ਸਾਲ ਲੋਹੜੀ ਤੇ ਕੁਝ ਨਾ ਕੁਝ ਤਿਉਹਾਰ ਵਜੋਂ ਭੇਜਦੇ ਹਨ। ਲੋਹੜੀ ਵਾਲੇ ਦਿਨ ਘਰਾਂ ਵਿਚ ਸਰੋਂ ਦਾ ਸਾਗ, ਰੌਹ ਦੀ ਖੀਰ ਅਤੇ ਖਿਚੜੀ ਬਣਾਈ ਜਾਂਦੀ ਹੈ। ਸਾਗ ਅਤੇ ਖਿਚੜੀ ਲੋਹੜੀ ਤੋਂ ਅਗਲੇ ਦਿਨ ਮਾਘ ਦੀ ਸੰਗਰਾਂਦ ਵਾਲੇ ਦਿਨ ਖਾਣਾ ਸ਼ੁੱਭ ਮੰਨਿਆ ਜਾਂਦਾ ਹੈ ।



ਲੋਹੜੀ ਦੀ ਰਾਤ ਧੂਣਾ ਬਾਲਿਆ ਜਾਂਦਾ ਹੈ। ਧੁਣੇ ਦਾ ਸੇਕ ਅੱਤ ਦੀ ਠੰਡ ਤੋਂ ਰਾਹਤ ਦਿਵਾਉਂਦਾ ਮਹਿਸੂਸ ਹੁੰਦਾ ਹੈ। ਔਰਤਾਂ ਅਤੇ ਮਰਦ ਧੁਣੇ ਦੇ ਆਲੇ-ਦੁਆਲੇ ਬੈਠ ਜਿੱਥੇ ਅੱਗ ਸੇਕਦੇ ਉੱਥੇ ਮੂੰਗਫਲੀਆਂ, ਰਿਉੜੀਆਂ, ਚਿਰਵੜੇ, ਫੁੱਲੇ, ਗੱਚਕ ਆਦਿ ਖਾਂਦੇ ਹਨ। ਆਲੇ-ਦੁਆਲੇ ਕੁੜੀਆਂ-ਮੁੰਡੇ ਨੱਚਦੇ ਗਾਉਂਦੇ ਤੇ ਖੁਸ਼ੀ ਮਨਾਉਂਦੇ ਹਨ। ਧੁਣੇ ਦੀ ਅੱਗ ਨੂੰ ਤਿਲ, ਚੌਲ, ਮੂੰਗਫਲੀ

ਆਦਿ ਭੇਟ ਕੀਤੇ ਜਾਂਦੇ ਹਨ ।ਇਸ ਤਰਾਂ ਲੋਹੜੀ ਦਾ ਤਿਉਹਾਰ ਸਾਰੇ ਲੋਕ ਬੜੀ ਹੀ ਖੁਸ਼ੀਆਂ ਨਾਲ ਮਨਾਉਂਦੇ ਹਨ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529★

★ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ★